# ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
# ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ

ਐਸ.ਸੀ.ਓ. ਨੰ: 162-164, ਤੀਜੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ, ਫੋਨ:01725043244, 01725043256

**ਵੱਲ:**

ਰਾਜ ਦੇ ਸਮੂਹ ਸਰਕਾਰੀ ਪ੍ਰਾਇਮਰੀ/ਮਿਡਲ/ਹਾਈ/ਸੀ.ਸੈ. ਸਕੂਲ ਮੁੱਖੀ,
ਪੰਜਾਬ।

(ਵੈਬਸਾਈਟ ਰਾਹੀਂ)

**ਮੀਮੋ ਨੰ: ਡਿ.ਐਸ.ਪੀ.ਡੀ./ਆਰ.ਐਮ.ਐਸ.ਏ./2012/** Roc 6857
**ਮਿਤੀ, ਚੰਡੀਗੜ੍ਹ :** 3-12-2012

**ਵਿਸ਼ਾ :** **ਸਰਕਾਰੀ ਸਕੂਲਾਂ ਦੁਆਰਾ ਭਵਿੱਖ ਵਿੱਚ ਛਪਵਾਏ ਜਾਣ ਵਾਲੇ Letter Pad 'ਤੇ ਸਕੂਲ ਦੀ e-mail ID ਅਤੇ Phone No. ਪ੍ਰਿੰਟ ਕਰਵਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਉਕਤ ਵਿਸ਼ੇ ਸਬੰਧੀ ਆਮ ਵੇਖਣ ਵਿੱਚ ਆਇਆ ਹੈ ਕਿ ਸਕੂਲ ਦੇ Letter Pad 'ਤੇ ਸਕੂਲ ਦੀ e-mail ਅਤੇ Phone No. ਨਹੀਂ ਲਿਖਿਆ ਹੁੰਦਾ। ਜਿਸ ਕਾਰਨ ਸਬੰਧਤ ਸਕੂਲ ਨਾਲ ਤੁਰੰਤ ਰਾਬਤਾ ਕਾਇਮ ਕਰਨ ਸਬੰਧੀ ਔਕੜ ਪੇਸ਼ ਆਉਂਦੀ ਹੈ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਇੱਕ ਹੀ ਜ਼ਿਲ੍ਹੇ ਦੇ ਇੱਕ ਹੀ ਬਲਾਕ ਵਿੱਚ 2 ਪਿੰਡਾਂ ਦਾ ਨਾਮ ਇੱਕ ਹੋਣ ਕਾਰਨ ਉਹਨਾਂ ਨਾਲ ਸੰਪਰਕ ਪੈਦਾ ਕਰਨ ਵਿੱਚ ਦਿੱਕਤ ਪੇਸ਼ ਆਉਂਦੀ ਹੈ।

3.0 ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਮੇਂ ਦੀ ਲੋੜ ਅਤੇ e-mail ਦੀ ਮਹੱਤਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਜਦੋਂ ਵੀ ਆਪ ਵੱਲੋਂ ਭਵਿੱਖ ਵਿੱਚ ਸਕੂਲ ਦਾ Letter Pad ਛਪਵਾਇਆ ਜਾਵੇ ਤਾਂ Letter Pad 'ਤੇ ਸਕੂਲ ਦੀ e-mail, ਸਕੂਲ ਦਾ ਪੂਰਾ ਪਤਾ ਅਤੇ Phone No. ਸਮੇਤ ਕੋਡ, ਪ੍ਰਿੰਟ ਕਰਵਾਉਣਾ ਯਕੀਨੀ ਬਣਾਇਆ ਜਾਵੇ। ਹਾਲ ਦੀ ਘੜੀ ਸਕੂਲ ਵੱਲੋਂ ਪਹਿਲਾਂ ਤੋਂ ਛਪਵਾਏ ਹੋਏ Letter Pad ਤੇ ਹੱਥ ਨਾਲ e-mail ID ਅਤੇ Phone No. ਲਿਖ ਦਿੱਤਾ ਜਾਵੇ।

4.0 ਉਪਰੋਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਦ/ਪ ਸਕੱਤਰ-ਕਮ-
ਡਾਇਰੈਕਟਰ ਜਨਰਲ ਸਕੂਲ ਸਿੱਖਿਆ
-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ,
ਪੰਜਾਬ, ਚੰਡੀਗੜ੍ਹ।

**ਪਿਠ ਅੰਕਣ ਨੰ: ਡਿ.ਐਸ.ਪੀ.ਡੀ./ਆਰ.ਐਮ.ਐਸ.ਏ./2012/** Roc 6858 **ਮਿਤੀ, ਚੰਡੀਗੜ੍ਹ** 3-12-12

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.), ਪੰਜਾਬ।
2. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.), ਪੰਜਾਬ।

ਦ/ਪ ਸਕੱਤਰ-ਕਮ-
ਡਾਇਰੈਕਟਰ ਜਨਰਲ ਸਕੂਲ ਸਿੱਖਿਆ
-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ,
ਪੰਜਾਬ, ਚੰਡੀਗੜ੍ਹ।